International Journal of Applied Research 2017; 3(2): 185-189




**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(2): 185-189
www.allresearchjournal.com
Received: 25-12-2016
Accepted: 29-01-2017

**ਡਾ. ਗੁਰਜੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਮਾਤਾ ਸੁੰਦਰੀ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ

**Correspondence**
**ਡਾ. ਗੁਰਜੀਤ ਕੌਰ**
ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਮਾਤਾ ਸੁੰਦਰੀ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ

# ਪੰਖ ਵਿਹੂਣਾ (ਹਰਭਜਨ ਹਲਵਾਰਵੀ ਦੀ ਪ੍ਰਗਤੀਵਾਦੀ ਦ੍ਰਿਸ਼ਟੀ)

**ਡਾ. ਗੁਰਜੀਤ ਕੌਰ**

## ਪ੍ਰਸਤਾਵਨਾ

'ਪੰਖ ਵਿਹੂਣਾ' ਹਰਭਜਨ ਹਲਵਾਰਵੀ ਦਾ ਕਾਵਿ-ਸੰਗ੍ਰਹਿ ਕਿਉਂਕਿ 1991 ਵਿਚ ਪ੍ਰਕਾਸ਼ਿਤ ਤੀਜਾ ਕਾਵਿ-ਸੰਗ੍ਰਹਿ ਹੈ ਇਸ ਲਈ ਇਸ ਪੁਸਤਕ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਸਦੀ ਕਵਿਤਾ ਕਿਸ ਪੜਾਅ ਤੇ ਪਹੁੰਚੀ ਹੈ ਜਾਂ ਇਸ ਵਿਚ ਪਹਿਲੇ ਦੋਨਾਂ ਸੰਗ੍ਰਹਿਆਂ ਨਾਲੋਂ ਕੀ ਪਰਿਵਰਤਨ ਆਏ। ਉਸਦੀ ਕਵਿਤਾ ਸਮਕਾਲੀ, ਸਮਾਜਿਕ ਤੇ ਰਾਜਸੀ ਸਥਿਤੀ ਨਾਲ ਵੀ ਸੰਬੰਧਿਤ ਰਹਿੰਦੀ ਹੈ ਅਤੇ ਉਸਨੇ ਪਿਆਰ ਦੀ ਰਚਨਾ ਵੀ ਕੀਤੀ ਹੈ। (ਡਾ. ਸੁਤਿੰਦਰ ਸਿੰਘ ਨੂਰ, ਪੰਖ ਵਿਹੂਣਾ (ਪੁਸਤਕ ਚਰਚਾ) ਆਰਸੀ ਜੂਨ, 1991 ਪੰਨਾ-40-41.) ਇਸ ਸੰਗ੍ਰਹਿ ਵਿਚ ਉਸ ਦੀਆਂ ਅਜਿਹੀਆਂ ਕਵਿਤਾਵਾਂ ਵੀ ਹਨ ਤੇ ਉਸਨੇ ਜ਼ਿੰਦਗੀ ਯਥਾਰਥ ਨਾਲ ਸੰਬੰਧਿਤ ਕੁਝ ਹੋਰ ਵਿਸ਼ਿਆਂ ਨੂੰ ਵੀ ਛੋਹਿਆ ਹੈ ਜਾਂ ਪਿਆਰ ਕਵਿਤਾ ਅਤੇ ਸਮਕਾਲੀ ਯਥਾਰਥ ਦੀ ਕਵਿਤਾ ਵਿਚਾਰਾਤਮਕ ਤੌਰ ਤੇ ਕਈ ਥਾਂ ਤੇ ਅੰਤਰੀਵ ਸੰਬੰਧ ਕਾਇਮ ਕਰਦੀ ਹੈ। ਇਉਂ ਇਥੇ ਹਰਭਜਨ ਹਲਵਾਰਵੀ ਦੀ ਇਸ ਕਾਵਿ ਸਥਿਤੀ ਦਾ ਹੀ ਅਧਿਐਨ ਕਰਨਾ ਚਾਹੁੰਦੇ ਹਾਂ।

ਇਸ ਕਾਵਿ-ਸੰਗ੍ਰਹਿ ਵਿਚ ਅਸੀਂ ਇਕ ਨਵੀਂ ਸਥਿਤੀ ਦੇ ਸਨਮੁਖ ਹੁੰਦੇ ਹਾਂ ਤੇ ਇਹ ਸਥਿਤੀ ਰਿਸ਼ਤਿਆਂ ਨਾਲ ਸੰਬੰਧਿਤ ਹੈ। ਇਸ ਸ਼ਬਦ ਨੂੰ ਇਸ ਪੁਸਤਕ ਦਾ ਕੇਂਦਰੀ ਸ਼ਬਦ ਮਿਥਦੇ ਹਾਂ ਤੇ ਇਸਦਾ ਵਿਸ਼ਲੇਸ਼ਣ ਕਰਨ ਲਈ ਅਸੀਂ ਸਭ ਤੋਂ ਪਹਿਲਾਂ ਇਸ ਪੁਸਤਕ ਵਿਚੋਂ ਇਸ ਦੀਆਂ ਕੁਝ ਉਦਾਹਰਣਾਂ ਚੁਣਨਾ ਚਾਹੁੰਦੇ ਹਾਂ।

ਰਿਸ਼ਤੇ ਦੀ ਲੰਬੀ ਡੋਰ
ਕਿਉਂ ਬਣ ਗਈ ਹੈ ਦਰੀ
ਰਿਸ਼ਤਾ ਜਦ ਕਿ
ਨੇੜਤਾ ਦਾ ਨਾਮ ਹੁੰਦਾ ਹੈ (ਲੰਬੀ ਡੋਰ ' ਪੰ. 24)

ਅਕਸ ਗੁਆਚ ਗਿਆ ਰਿਸ਼ਤੇ ਦਾ
ਰਲ ਕੇ ਲੱਭੀਏ
ਤੇਰਾ ਕਹਿਣਾ ਸੀ ਕਿ ਅੱਜ ਨਹੀਂ (ਗੁਆਚਿਆ ਅਕਸ ਪੰ. 5)

ਬਾਹਰਲੇ ਪ੍ਰਦੂਸ਼ਣ ਦਾ ਤਾਂ
ਲੱਭ ਲੈਣਗੇ ਹੱਲ ਵਿਗਿਆਨੀ
ਸੋਚਾਂ, ਸੁਪਨਿਆਂ ਤੇ ਰਿਸ਼ਤਿਆਂ ਵਿਚ
ਫੈਲ ਗਏ ਪ੍ਰਦੂਸ਼ਣ ਦਾ
ਕੀ ਹੋਵੇਗਾ ? (ਦੂਸ਼ਿਤ ' ਪੰ. 33)

ਕਦੇ ਰਿਸ਼ਤਾ ਸੀ ਬੱਦਲ, ਨਦੀ, ਝੀਲ ਸੀ,
ਹੁਣ ਇਹ ਤਪਦੀ ਖੁਸ਼ਕ ਰੇਤ ਹੀ ਰੇਤ ਹੈ,
ਜਿਹੜੇ ਉਮਰਾਂ ਦੇ ਪਿਆਸੇ ਨੇ ਪਾਣੀ ਲਈ
ਉਹ ਕਿਧਰ ਜਾਣਗੇ, ਕਿਹੜੇ ਦਰ ਜਾਣਗੇ (ਗਜ਼ਲਾਂ ਪੰ. 79)

ਇਹ ਉਦਾਹਰਣਾਂ ਸਪਸ਼ਟ ਕਰਦੀਆਂ ਹਨ ਕਿ ਰਿਸ਼ਤਾ ਇਕ ਤਰ੍ਹਾਂ ਨਾਲ ਹਰਭਜਨ ਹਲਵਾਰਵੀ ਦੀਆਂ ਕਾਵਿਤਾਵਾਂ ਦੀ ਮੂਲ ਇਕਾਈ ਹੈ। ਪਰ ਇਸ 'ਰਿਸ਼ਤੇ 'ਦਾ ਯਥਾਰਥ ਤਿੜਕਣ ਦੀ ਸਥਿਤੀ ਨਾਲ ਸੰਬੰਧਿਤ ਹੈ। ਇਹ ਰਿਸ਼ਤਾ ਦੋਸਤੀ ਤੇ ਮੁਹਬਤ ਦਾ ਰਿਸ਼ਤਾ ਵੀ ਹੈ ਤੇ ਇਸ ਵਿਚ ਬਾਕੀ ਸਮਾਜਿਕ ਯਥਾਰਥ ਵੀ ਪਿਆ ਹੈ। ਇਸੇ ਕਰਕੇ ਲੇਖਕ ਨੂੰ ਰਿਸ਼ਤੇ ਪ੍ਰਦੂਸ਼ਿਤ, ਅਸਥਿਰ ਹੋ ਗਏ ਲਗਦੇ ਹਨ ਜਾਂ ਉਹ ਰਿਸ਼ਤਾ ਨਹੀਂ ਲਗਦਾ ਜੋ ਕੁਝ ਚਿਰ ਪਹਿਲਾਂ ਸੀ। ਲੇਖਕ ਇਸ ਤਿੜਕੀ ਹੋਈ ਸਥਿਤੀ ਨੂੰ ਸਿੱਧੇ ਤੌਰ ਤੇ ਇਹ ਸ਼ਬਦ ਵਰਤਣ ਤੋਂ ਬਿਨਾ ਵੀ ਕਈ ਹੋਰ ਕਵਿਤਾਵਾਂ ਵਿਚ ਵੀ ਪ੍ਰਗਟ ਕਰਦਾ ਹੈ ਉਨ੍ਹਾਂ ਕਵਿਤਾਵਾਂ ਵਿਚ ਵੀ ਜਿਸਨੂੰ ਅਸੀਂ ਪਿਆਰ ਕਵਿਤਾਵਾਂ ਆਖਿਆ ਹੈ ਤੇ ਉਨ੍ਹਾਂ ਕਵਿਤਾਵਾਂ ਵਿਚ ਵੀ ਜਿਸਨੂੰ ਅਸੀਂ ਸਮਕਾਲੀ ਯਥਾਰਥ ਨਾਲ ਸੰਬੰਧਿਤ ਕੀਤਾ ਹੈ। ਮਿਸਾਲ ਦੇ ਤੌਰ ਤੇ ਜੇ ਇਸ ਸੰਗ੍ਰਹਿ ਦੀ ਕਵਿਤਾ 'ਪੰਖ ਵਿਹੂਣਾ 'ਲਈਏ ਤਾਂ ਇਹ ਵੀ ਰਿਸ਼ਤਿਆਂ ਦੀ ਇਸ ਮੂਲ ਇਕਾਈ ਨਾਲ ਹੀ ਸੰਬੰਧਿਤ ਹੈ :

ਤੇਰੇ ਨਾਲ ਸੀ ਭਰਿਆ ਭਰਿਆ
ਤੇਰੇ ਬਾਝੋਂ ਬੇਹੱਦ ਊਣਾ
ਤੂੰ ਮੇਰਾ ਸਾਰਾ ਅੰਬਰ ਸੀ
ਤੇਰੇ ਬਿਨ ਮੈਂ ਪੰਖ ਵਿਹੂਣਾ
ਮੈਂ ਡਿੱਗਿਆ, ਮੈਂ ਟੁੱਟਿਆ ਖਿੰਡਿਆ
ਕੋਈ ਦੋਸ਼ ਨਹੀਂ ਹੈ ਤੇਰਾ
ਇਹ ਤਾਂ ਮੇਰੀ ਆਪਣੀ ਭੁੱਖ ਸੀ
ਇਹ ਤਾਂ ਮੇਰੀ ਆਪਣੀ ਤੇਹ ਸੀ
ਇਹ ਸੀ ਮੇਰੀ ਆਪਣੀ ਤ੍ਰਿਸ਼ਨਾ
ਬਣ ਬੈਠੀ ਮ੍ਰਿਗ-ਤ੍ਰਿਸ਼ਨਾ ਜਿਹੜੀ
ਭੁੱਖ ਤੇਹ, ਤ੍ਰਿਸ਼ਨਾ, ਮ੍ਰਿਗ ਤ੍ਰਿਸ਼ਨਾ
ਮੈਂ ਟੁੱਟਿਆ ਇਹ ਫਿਰ ਸਾਬਤ ਨੇ
ਇਹ ਸਭ ਟੋਟੇ ਹੋਂਦ ਮੇਰੀ ਦੇ
ਇਨ੍ਹਾਂ ਬਿਨ ਮੈਂ ਬਹੁਤ ਅਧੂਰਾ
ਮੰਨਿਆ ਕਿ ਤੇਰੇ ਬਾਝੋਂ ਵੀ
ਬੇਹੱਦ ਊਣਾ, ਪੰਖ ਵਿਹੂਣਾ।" (ਪੰਖ ਵਿਹੂਣਾ ' ਪੰ. 31)

ਕਵੀ ਇਸ ਕਵਿਤਾ ਵਿਚ ਜਿਸ ਤਰ੍ਹਾਂ ਆਪਣੇ ਆਪਨੂੰ ਪੰਖ ਵਿਹੂਣਾ ਸਮਝ ਰਿਹਾ ਹੈ ਉਸਦਾ ਕਾਰਣ ਉਹ ਤਿੜਕ ਗਿਆ ਰਿਸ਼ਤਾ ਹੀ ਹੈ ਤੇ ਉਸਦੀ ਅਜਿਹੀ ਪਿਆਰ ਕਵਿਤਾ ਬਾਰੇ ਇਹ ਗੱਲ ਵਿਸ਼ੇਸ਼ ਤੌਰ ਤੇ ਕਹੀ ਜਾ ਸਕਦੀ ਹੈ ਕਿ ਅਜਿਹੀਆਂ ਕਵਿਤਾਵਾਂ ਪੁਰਾਣੀ ਰੁਮਾਂਟਿਕ ਕਵਿਤਾ ਵਰਗੀਆਂ ਨਹੀਂ। ਨਾ ਹੀ ਇਨ੍ਹਾਂ ਕਵਿਤਾਵਾਂ ਵਿਚ ਕੋਈ ਬਿਰਹਾ ਦੀ ਗੱਲ ਹੈ, ਨਾ ਹੀ ਉਸ ਕਿਸਮ ਦੀ ਤੜਪ ਦੀ ਜਾਂ ਉਸ ਕਿਸਮ ਦੀ ਸੰਵੇਦਨਾ ਦੀ ਕਵੀ ਰਿਸ਼ਤਿਆਂ ਦੇ ਇਸ ਯਥਾਰਥ ਨੂੰ ਇਕ ਸਥਿਤੀ ਦੇ ਤੌਰ ਤੇ ਬਿਆਨ ਕਰਦਾ ਹੈ। ਇਹ ਸਥਿਤੀ ਕਈ ਥਾਂ ਤੇ ਡੂੰਘੇ ਅਹਿਸਾਸ ਨਾਲ ਤ੍ਰਾਸਦਿਕ ਹੋ ਜਾਂਦੀ ਹੈ। ਕਵੀ ਨੂੰ ਅਜਿਹੀ ਸਥਿਤੀ ਵਿਚ ਇਕ ਘੁਟਨ ਮਹਿਸੂਸ ਹੁੰਦੀ ਹੈ:

ਮੇਰੀ ਛਾਤੀ ਵਿਚ ਕਈ ਚਿਰ ਤੋਂ
ਹਰ ਵੇਲੇ ਕੁਝ ਧੁਖਦਾ ਰਹਿੰਦਾ
ਦਿਨੇ ਰਾਤ ਬੇਚੈਨੀ ਡਾਢੀ ਲਾਈ ਰੱਖਦਾ
ਜਿਵੇਂ ਪਰਿੰਦਾ ਭੁੱਲ ਭੁਲੇਖੇ
ਗੈਰ ਆਲ੍ਹਣੇ ਵਿਚ ਆ ਬੈਠੇ
ਨਾ ਉਸਨੂੰ ਪੂਰਾ ਨਿੱਘ ਆਵੇ
ਨਾ ਉਹ ਇਸਨੂੰ ਛੱਡ ਕੇ ਜਾਵੇ (ਕੀ ਧੁਖਦਾ ਹੈ ਪੰ. 32)

ਕਵੀ ਇਸ ਤ੍ਰਾਸਦੀ ਨੂੰ ਮਹਿਸੂਸ ਕਰਕੇ ਉਸ ਸਥਿਤੀ ਦੀ ਤਲਾਸ਼ ਵਿਚ ਰਹਿੰਦਾ ਹੈ ਜਿਥੇ ਉਹ ਰਿਸ਼ਤੇ ਨੂੰ ਫਿਰ ਸਥਾਪਿਤ ਕਰ ਸਕੇ। ਇਉਂ ਰਿਸ਼ਤੇ ਦੀ ਸਥਾਪਤੀ ਉਸ ਤਿੜਕੀ ਹੋਈ ਉਦਾਸ ਸਥਿਤੀ ਤੋਂ ਮੁਕਤ ਹੋਣ ਦਾ ਸਾਧਨ ਹੈ। ਉਦਾਹਰਣ ਦੇ ਤੌਰ ਤੇ ਉਸਦੀ ਕਵਿਤਾ 'ਚੁੱਪ ਦਸਤਕ ਦੇਵੇ 'ਇਸ ਅਹਿਸਾਸ ਨਾਲ ਸਿੱਧੇ ਤੌਰ ਤੇ ਸੰਬੰਧਿਤ ਹੈ:

ਵਾਜਾਂ ਮਾਰ ਮਾਰ ਕੇ ਤੈਨੂੰ
ਥੱਕੇ ਮੇਰੇ ਬੋਲ
ਹੁਣ ਮੇਰੀ ਚੁੱਪ ਦਸਤਕ ਦੇਵੇ
ਹੁਣ ਤਾਂ ਬੂਹਾ ਖੋਲ੍ਹ

ਕਿੰਨੇ ਸੁਪਨੇ ਅਲਖ ਜਗਾਵਣ
ਦਰ ਤੇਰੇ 'ਤੇ ਆਏ
ਨਾ ਤੂੰ ਖੈਰ ਮਿਹਰ ਦੀ ਪਾਈ
ਨਾ ਤੂੰ ਪਰ੍ਹੇ ਹਟਾਏ
ਓਵੇਂ ਪਏ ਥਾਲੀ ਕਰਮੰਡਲ
ਓਵੇਂ ਖਾਲੀ ਡੋਲ।" (ਚੁੱਪ ਦਸਤਕ ਦੇਵੇ ' ਪੰ. 49)

ਇਸ ਕਵਿਤਾ ਵਿਚ ਇਹ ਵੀ ਗੱਲ ਧਿਆਨਯੋਗ ਹੈ ਕਿ ਰਿਸ਼ਤਿਆਂ ਦੀ ਇਸ ਸਥਿਤੀ ਨੇ ਕਵੀ ਵਜੋਂ ਉਦਾਸੀ ਦਿੱਤੀ ਉਸਨੇ ਉਸਨੂੰ ਦਰਵੇਸ਼ ਬਣਾ ਦਿੱਤਾ ਹੈ ਤੇ ਉਸ ਦੀ ਸਥਿਤੀ, ਇਉਂ ਇਕੋ ਸਮੇਂ ਉਦਾਸੀ ਨਾਲ ਵੀ ਸੰਬੰਧਿਤ ਹੈ, ਯਥਾਰਥ ਦੇ ਅਹਿਸਾਸ ਨਾਲ ਵੀ ਤੇ ਉਹ ਰਿਸ਼ਤਿਆਂ ਦੀ ਸਥਾਪਤੀ ਦੀ ਤਲਾਸ਼ ਵਿਚ ਵੀ ਰਹਿੰਦਾ ਹੈ। ਜਦੋਂ ਵਰ੍ਹਿਆਂ ਬਾਅਦ ਪਰਦੇਸ ਵਿਚ ਅਜਿਹੇ ਰਿਸ਼ਤੇ ਲਈ ਕਿਸੇ ਪਾਤਰ ਯੁਵਤੀ ਨੂੰ ਮਿਲਦਾ ਹੈ ਤਾਂ ਉਸ ਵਿਚ ਰਿਸ਼ਤੇ ਦੀ ਉਹ ਚਿੰਗਾਰੀ ਫਿਰ ਮੱਘ ਉਠਦੀ ਹੈ ਤੇ ਉਸ ਅੰਦਰ ਅਤੀਤ ਦੀਆਂ ਯਾਦਾਂ ਜਾਗਦੀਆਂ ਹਨ :

ਆਪਣੇ ਆਂਗਣ ਚੋਗਾ ਚੁਗਦੀ
ਤੂੰ ਸੀ ਕੋਈ ਚਿੱਟੀ ਘੁੱਗੀ
ਮ੍ਰਿਗ ਤ੍ਰਿਨਾ ਦੇ ਜਾਦੂ ਫਸਿਆ
ਮੈਂ, ਥਨ ਗਾਹੁੰਦੇ
ਰੋਹੀਏਂ ਫਿਰਦੇ ਹਿਰਨ ਜਿਹਾ ਸੀ
ਘੁੱਗੀਆਂ ਤੇ ਹਿਰਨਾਂ ਦਾ
ਕੋਈ ਮੇਲ ਨਾ ਹੁੰਦਾ
ਆਪਣਾ ਰਾਹ ਜਾਂਦੇ ਮਿਲ ਜਾਣ
ਐਵੇਂ ਮੌਕਾ-ਮੇਲ ਜਿਹਾ ਸੀ
ਜਾਂ ਫਿਰ ਇਕ ਸੁਹਣੀ ਦੁਰਘਟਨਾ
ਦੁਰਘਟਨਾ ਪਰ ਫਿਰ ਵੀ ਸੁਹਣੀ
ਆਪਣੀ ਹੋਣੀ ਦੀ ਇਕ ਘਟਨਾ (ਕੂਲੇ ਪੱਤੇ' ਪੰ. 45)

ਇਨ੍ਹਾਂ ਉਦਾਹਰਣਾਂ ਤੋਂ ਇਹ ਸਪਸ਼ਟ ਹੈ ਕਿ ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਰਿਸ਼ਤੇ ਦੀ ਇਸ ਇਕਾਈ ਨਾਲ ਸੰਬੰਧਿਤ ਹੈ ਜਿਸਨੂੰ ਇਨ੍ਹਾਂ ਕਵਿਤਾਵਾਂ ਦੀ ਥੀਮਕ ਇਕਾਈ ਵੀ ਆਖਿਆ ਜਾ ਸਕਦਾ ਹੈ ਜਾਂ ਇਸਨੂੰ ਇਨ੍ਹਾਂ ਕਵਿਤਾਵਾਂ ਦਾ ਧੁਰਾ ਆਖਿਆ ਜਾ ਸਕਦਾ ਹੈ।

ਹਰਭਜਨ ਹਲਵਾਰਵੀ ਦੇ ਇਸ ਕਾਵਿ-ਸੰਗ੍ਰਹਿ ਦੀਆਂ ਦੂਸਰੀਆਂ ਕਿਸਮ ਦੀਆਂ ਉਹ ਕਵਿਤਾਵਾਂ ਹਨ ਜਿਨ੍ਹਾਂ ਨੂੰ ਸਮਕਾਲੀ, ਸਮਾਜਿਕ ਤੇ ਰਾਜਸੀ ਯਥਾਰਥ ਨਾਲ ਸੰਬੰਧਿਤ ਕੀਤਾ ਜਾ ਸਕਦਾ ਹੈ। ਇਹ ਕਵਿਤਾਵਾਂ ਮੂਲ ਤੌਰ ਤੇ ਪੰਜਾਬ ਦੀ ਸਥਿਤੀ ਨਾਲ ਵੀ ਸੰਬੰਧਿਤ ਹਨ ਤੇ ਬਾਕੀ ਸਥਿਤੀ ਨਾਲ ਵੀ। ਪਿਛਲੇ ਕੁਝ ਸਮੇਂ ਵਿਚ ਪੰਜਾਬ ਦੀ ਸਥਿਤੀ ਬਾਰੇ ਬਹੁਤ ਸਾਰੀ ਕਵਿਤਾ ਲਿਖੀ ਗਈ ਹੈ। ਲਗਭਗ ਹਰ ਸਮਕਾਲੀ ਕਵੀ ਨੇ ਹੀ ਪੰਜਾਬ ਦੀ ਸਥਿਤੀ ਬਾਰੇ ਕਵਿਤਾ ਲਿਖੀ ਹੈ। ਕੁਝ ਕਵਿਤਾਵਾਂ ਬਹੁਤ ਭਾਵੁਕ ਵੀ ਲਿਖੀਆਂ ਗਈਆਂ ਹਨ ਤੇ ਕੁਝ ਯਥਾਰਥਕ ਤੇ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਹੋਣ ਤੋਂ ਵੀ ਲਿਖੀਆਂ ਗਈਆਂ। ਜਿਵੇਂ ਸੁਰਜੀਤ ਪਾਤਰ ਦੀਆਂ ਕਵਿਤਾਵਾਂ ਬਾਰੇ ਕਾਫੀ ਚਰਚਾ ਹੋਇਆ ਹੈ। ਸਵਰਨਜੀਤ ਸਵੀ ਨੇ ਆਪਣੀ ਪੁਸਤਕ 'ਦਰਦ ਪਿਆਦੇ ਹੋਣ ਦਾ 'ਲਗਭਗ ਸਾਰੀ ਦੀ ਸਾਰੀ ਇਸ ਬਾਰੇ ਹੀ ਲਿਖੀ ਹੈ। ਹਲਵਾਰਵੀ ਨੇ ਕੁਝ ਕਵਿਤਾਵਾਂ ਇਸ ਵਿਸ਼ੇ ਬਾਰੇ ਪਿਛਲੇ ਸੰਗ੍ਰਹਿ ਵਿਚ ਵੀ ਲਿਖੀਆਂ ਹਨ ਤੇ ਕੁਝ ਕਵਿਤਾਵਾਂ ਇਸ ਸੰਗ੍ਰਹਿ ਵਿਚ ਵੀ ਲਿਖੀਆਂ ਜਾਂ ਕੁਝ ਕਵਿਤਾਵਾਂ ਉਤੇ ਇਸ ਸਥਿਤੀ ਦਾ ਡੂੰਘਾ ਪ੍ਰਭਾਵ ਹੈ। ਇਸ ਪੁਸਤਕ ਦੀ ਪਹਿਲੀ ਕਵਿਤਾ 'ਵਾਵਰੋਲਿਆਂ ਦੀ ਰਣ-ਭੂਮੀ ' ਮੁਖ ਤੌਰ ਤੇ ਇਸ ਵਿਸ਼ੇ ਨਾਲ ਸਿੱਧੇ ਤੌਰ ਤੇ ਬੰਧਿਤ ਹੈ :

ਇਹ ਵਿਸ਼ਾਲ ਮੈਦਾਨ
ਜੋ ਅੱਜ ਕੱਲ੍ਹ ਫੈਲਿਆ ਹੋਇਆ ਹੈ
ਸਾਡੀ ਸੋਚ ਦੇ ਦਿਸਹੱਦਿਆਂ ਤਕ
ਤੇ ਸਿਮਟਿਆ ਹੋਇਆ ਹੈ
ਸਾਡੀ ਜਿਸਮਾਂ ਦੀ ਮਿੱਟੀ ਦੀਆਂ ਹੱਦਾਂ ਤਕ
ਸਾਡਾ ਪੰਜਾਬ ਹੀ ਤਾਂ ਹੈ
…..
ਇਹ ਵਿਸ਼ਾਨ ਮੈਦਾਨ
ਸੋਚਾਂ ਦੇ ਦਿਸਹੱਦਿਆਂ ਤਕ ਫੈਲਿਆ
ਜਿਸਮਾਂ ਦੀਆਂ ਹੱਦਾਂ ਸਿਮਟਿਆ
ਕਿਉਂ ਹੰਢਾ ਰਿਹਾ ਹੈ ਅੱਜ ਕੱਲ੍ਹ
ਟੁਕੜਿਆਂ 'ਚ ਵੰਡੀ ਮਹਾਂਭਾਰਤ ਦਾ ਸਰਾਪ
ਆਏ ਦਿਨ ਜਾਨਾਂ ਦੀਆਂ ਖ਼ੂਹਣੀਆਂ ਖਪਦੀਆਂ
ਰਾਹਾਂ 'ਚ ਪੁੱਟੇ ਹੋਏ
ਅਣਦਿੱਸਦੇ ਖ਼ੂਹ ਫੇਰ ਵੀ ਨਹੀਂ ਭਰਦੇ
ਜ਼ਿਕਰ ਮੱਲ੍ਹਮ ਦਾ ਜਰੂਰ ਹੁੰਦਾ ਹੈ
ਜੇ ਮਿਲਦੇ ਹਨ ਤਾਂ ਸਿਰਫ ਸੱਜਰੇ ਜ਼ਖਮ
…..
ਇਹ ਵਿਸ਼ਾਲ ਮੈਦਾਨ
ਬੇਰਹਿਮੀ ਦੇ ਮੌਕੇ ਦਾ ਜ਼ਿਕਰ
ਵਾਵਰੋਲਿਆਂ ਦੀ ਰਣਭੂਮੀ ਬਣਿਆ
ਸਾਡਾ ਪੰਜਾਬ ਹੀ ਤਾਂ ਹੈ। (ਵਾਵਰੋਲਿਆਂ ਦੀ ਰਣ-ਭੂਮੀ, ਪੰ.9-10)

ਇਹ ਕਵਿਤਾ ਪੰਜਾਬ ਦੀ ਤ੍ਰਾਸਦਕ ਸਥਿਤੀ ਨੂੰ ਭਾਵੁਕ ਤੌਰ ਤੇ ਪੇਸ਼ ਨਹੀਂ ਕਰਦੀ ਸਗੋਂ ਬੋਧਿਕ ਰੂਪ ਵਿਚ ਪੇਸ਼ ਕਰਦੀ ਹੈ ਭਾਵ ਸਾਡੇ ਮਨ ਵਿਚ ਇਸ ਤ੍ਰਾਸਦੀ ਦੀ ਪੀੜਾ ਨੂੰ ਡੂੰਘਾ ਬੀਜਦੀ ਹੈ ਉਸ ਬਾਰੇ ਅਹਿਸਾਸ ਪੈਦਾ ਕਰਦੀ ਹੈ। ਪੰਜਾਬ ਦੀ ਜੋ ਸਥਿਤੀ ਹੈ ਉਸ ਬਾਰੇ ਸਾਡੇ ਅੰਦਰ ਚੇਤਨਾ ਪੈਦਾ ਕਰਦੀ ਹੈ। ਅਸੀਂ ਇਸ ਯਥਾਰਥ ਬਾਰੇ ਡੂੰਘੀ ਤਰ੍ਹਾਂ ਸੋਚਣ ਲਗਦੇ ਹਾਂ। ਭਾਵੁਕ ਕਵਿਤਾ ਥੋੜਾ ਚਿਰ ਪ੍ਰਭਾਵ ਪੈਦਾ ਕਰਦੀ ਹੁੰਦੀ ਹੈ ਪਰ ਇਹ ਕਵਿਤਾ ਸਾਨੂੰ ਡੂੰਘੀ ਤਰ੍ਹਾਂ ਝੰਝੋੜਦੀ ਹੈ ਜਾਗ੍ਰਿਤ ਕਰਦੀ ਹੈ ਤੇ ਚੰਗੀ ਕਵਿਤਾ ਇਸੇ ਉਦੇਸ਼ ਨਾਲ ਸੰਬੰਧਿਤ ਹੁੰਦੀ ਹੈ। ਪੰਜਾਬ ਦੀ ਸਥਿਤੀ ਨਾਲ ਜੋ ਹੋਰ ਕਵਿਤਾਵਾਂ ਇਸ ਸੰਗ੍ਰਹਿ ਵਿੱਚ ਸ਼ਾਮਿਲ ਹਨ ਉਹ ਅਸਲ ਵਿਚ ਇਸ ਕਵਿਤਾ ਦੇ ਦਾਇਰੇ ਵਿਚ ਹੀ ਆਉਂਦੀਆਂ ਹਨ ਜਾਂ ਇਸ ਵਿਧੀ ਨਾਲ ਹੀ ਸੰਬੰਧਿਤ ਹਨ ਕਿਉਂਕਿ ਉਨ੍ਹਾਂ ਕਵਿਤਾਵਾਂ ਵਿਚ ਵੀ ਅਜਿਹੇ ਬੌਧਿਕ ਵਿਲੇਸ਼ਣ ਦੀ ਪ੍ਰਵਿਰਤੀ ਹੈ। ਮਿਸਾਲ ਦੇ ਤੌਰ ਤੇ ਇਸ ਸੰਗ੍ਰਿਹ ਦੀ ਕਵਿਤਾ 'ਖੇਤਾਂ ' ਵਿਚ:

ਖੇਤਾਂ ਵਿਚ ਬਹੁਤ ਕੁਝ ਸੀ
ਪੂਰੀ ਦੀ ਪੂਰੀ ਜ਼ਿੰਦਗੀ
ਖੇਤਾਂ ਵਿਚ ਸਿਆੜ ਸਨ
ਸਿਆੜਾਂ ਵਿਚ ਲਾਂ ਫ਼ਸਲਾਂ ਸਨ
ਫ਼ਸਲਾਂ ਵਿਚ ਹੋਣੀ ਸੀ
ਖੁਸ਼ੀ ਤੇ ਖ਼ੂਬਸੂਰਤੀ
ਧੂਹ-ਪਾਉ ਗੀਤ ਸਨ
ਪਹੁੰਚਦੇ ਬੇਰੋਕ ਜੋ
ਪਿੰਡਾਂ ਦੀਆਂ ਜੂਹਾਂ ਤਕ
ਜੂਹਾਂ ਤੋਂ ਗਲ਼ੀਆਂ ਤਕ
ਗਲੀਆਂ ਤੋਂ ਘਰਾਂ ਤਕ (ਖੇਤਾਂ ਵਿਚ, ਪੰਨਾ : 11)

ਕਵੀ ਜਿਸ ਸੋਗ ਤੇ ਸੰਤਾਪ ਨੂੰ ਇਨ੍ਹਾਂ ਕਵਿਤਾਵਾਂ ਵਿਚ ਬਿਆਨ ਕਰਦਾ ਹੈ ਉਹ ਉਸਨੂੰ ਡੂੰਘੀ ਤਰ੍ਹਾਂ ਉਦਾਸ ਕਰਦਾ ਹੈ। ਪਰ ਕਵੀ ਇਨ੍ਹਾਂ ਕਵਿਤਾਵਾਂ ਵਿਚ ਵੀ ਬਲਕਿ ਇਸ ਉਦਾਸੀ ਤੇ ਹੀ ਖ਼ਤਮ ਨਹੀਂ ਕਰ ਦਿੰਦਾ ਸਗੋਂ ਉਹ ਉਸ ਆਦਰਸ਼ਕ ਭੱਵਿਖ ਨੂੰ ਪ੍ਰਗਟ ਕਰਦਾ ਹੈ ਜਿਸਦੀ ਉਸਨੂੰ ਉਡੀਕ ਹੈ ਤੇ ਜਿਸਦਾ ਸੰਚਾਰ ਕਰਨਾ ਉਸਦਾ ਉਦੇਸ਼ ਹੈ। ਇਥੇ ਉਸਨੇ ਆਪਣੀ ਇਕ ਗ਼ਜ਼ਲ ਵਿਚ ਵੀ ਕਿਹਾ ਹੈ:

ਹੋਰ ਨਾ ਜ਼ਖਮ ਲੱਗਣ ਹੋਰ ਨਾ ਲਹੂ ਡੁੱਲ੍ਹੇ ,
ਪਹਿਰਾ ਸੁਖ ਸ਼ਾਂਤੀ ਦਾ ਆਪਣੇ ਪੰਜਾਬ ਹੋਵੇ। (ਪੰਨਾ-68)

ਹਰਭਜਨ ਹਲਵਾਰਵੀ ਦੀ ਉਦਾਸੀ ਕੇਵਲ ਪੰਜਾਬ ਦੀ ਸਥਿਤੀ ਨਾਲ ਹੀ ਸੰਬੰਧਿਤ ਨਹੀਂ ਸਗੋਂ ਸਮੁੱਚੇ ਸਮਾਜਿਕ ਯਥਾਰਥ ਨਾਲ ਵੀ ਡੂੰਘੀ ਤਰ੍ਹਾਂ ਸੰਬੰਧਿਤ ਹੈ ਕਿਉਂਕਿ ਉਸਨੂੰ ਜਾਪਦਾ ਹੈ ਕਿ ਸਮਕਾਲੀ ਸਮਾਜ ਬਹੁਤ ਪ੍ਰਦੂਸ਼ਿਤ ਹੋ ਗਿਆ ਹੈ, ਸਮਾਜ ਪਤਨਸ਼ੀਲ ਹੋ ਗਿਆ ਹੈ, ਮਨੁੱਖ ਦੀ ਰਾਜਨੀਤੀ ਜ਼ਮੀਰ, ਨਾਰੇ, ਪਹਿਚਾਣ ਇਥੋਂ ਤਕ ਕਿ ਮੌਸਮ ਤੇ ਵਾਤਾਵਰਣ ਸਭ ਕੁਝ ਦੋਗਲਾ ਹੋ ਗਿਆ ਹੈ, ਸਭ ਕੁੱਝ ਰਲਗੱਡ ਹੋ ਗਿਆ ਹੈ।

ਹੁਣ ਤਾਂ ਘਿਰੇ ਹਾਂ ਆਪਾਂ
ਦੋਗਲੀ ਕਿਸਮ ਦੀਆਂ ਚੀਜ਼ਾਂ ਵਿਚ
ਦੋਗਲਾ ਮੌਸਮ , ਦੋਗਲਾ ਵਾਤਾਵਰਣ
ਦੋਗਲੀਆਂ ਨਜ਼ਰਾਂ ਦੋ, ਗਲੀਆਂ ਪਹਿਚਾਣਾਂ
ਦੋਗਲੀਆਂ ਜੀਭਾਂ , ਦੋਗਲੀਆਂ ਗਲਾਂ
ਦੋਗਲੀ ਰਾਜਨੀਤੀ , ਦੋਗਲੇ ਨਾਅਰੇ
ਦੋਗਲੀਆਂ ਜ਼ਮੀਰਾਂ, ਦੋਗਲੇ ਹੀ ਧੰਦੇ ' (ਦੋਗਲੀ ਕਿਸਮ, ਪੰ. 15)
ਸਭ ਕੁਝ ਏਥੇ ਰਲਗਡ ਹੋਇਆ
ਕੁਝ ਵੀ ਸਾਫ ਸਪੱਸ਼ਟ ਨਹੀਂ ਹੈ
ਮਧੱਮ ਹੋਈਆਂ ਸੀਮਾ ਰੇਖਾਂ
ਜਾਂ ਸਿਮਟ ਗਈਆਂ
ਜਾਂ ਫਿਰ ਆਪੋ ਵਿਚ ਉਲਝੀਆਂ
ਜਾਂ ਫਿਰ ਗ਼ਲਤ ਮਲਤ ਹੋ ਰਹੀਆਂ (ਰਲਗਡ, ਪੰ. 17)

ਕਵੀ ਇਸ ਦੋਗਲੇ ਵਾਤਾਵਰਣ ਅਤੇ ਰਲਗਡਤਾ ਤੋਂ ਮੁਕਤੀ ਦੀ ਤਲਾਸ਼ ਵਿਚ ਹੈ ਪਰ ਉਹ ਇਸ ਸਥਿਤੀ ਵਿਚ ਉਦਾਸ ਹੈ ਕਿਉਂਕਿ ਉਸਦਾ ਸੰਬੰਧ ਮੁਖ ਤੌਰ 'ਤੇ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਹੈ ਤੇ ਪ੍ਰਗਤੀਵਾਦੀ ਵਿਚਾਰਧਾਰਾ ਇਸ ਗੱਲ ਵਲੋਂ ਵੀ ਸੁਚੇਤ ਹੈ ਕਿ ਮਾਰਕਸਵਾਦੀ ਦ੍ਰਿਸ਼ਟੀ ਤੋਂ ਦੁਨਿਆ ਵਿਚ ਜੋ ਇਨਕਲਾਬ ਆਏ ਸੀ ਉਨ੍ਹਾਂ ਦੀ ਰੂਪ-ਰੇਖਾ ਬਦਲ ਗਈ ਹੈ। ਭਾਰਤ ਵਿਚ ਵੀ ਕਵੀਆਂ ਨੂੰ ਇਨਕਲਾਬ ਦੀ ਉਡੀਕ ਸੀ ਤੇ ਕਿਸੇ ਵੇਲੇ ਇਹ ਗੱਲ ਬਹੁਤ ਨੇੜੇ ਜਾਪਦੀ ਸੀ ਪਰ ਪਿਛਲੇ ਕੁਛ ਵਰ੍ਹਿਆਂ ਵਿਚ ਜੋ ਰਾਜਸੀ ਸਥਿਤੀ ਸਾਹਮਣੇ ਆਈ ਹੈ ਉਸ ਵਿਚ ਭਾਰਤ ਵਿਚ ਵੀ ਉਸ ਕਿਸਮ ਦਾ ਇਨਕਲਾਬ ਹੁਣ ਇੰਨਾ ਨੇੜੇ ਨਹੀਂ ਲਗਦਾ। ਇਸ ਕਰਕੇ ਕਵੀ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਕਿਸ ਪੜਾਅ ਤੇ ਪਹੁੰਚਿਆ ਹੈ ਇਸ ਦੀ ਉਸਨੂੰ ਕੋਈ ਖ਼ਬਰ ਨਹੀਂ। ਰਾਤ ਦਾ ਲੰਮਾ ਸਫਰ ਅਜੇ ਉਸੇ ਤਰ੍ਹਾਂ ਜਾਰੀ ਹੈ ਤੇ ਸਵੇਰ ਅਜੇ ਵੀ ਬਹੁਤ ਦੂਰ ਹੈ।

ਭਟਕਦੇ ਹਾਂ ਜੁਗਨੂੰਆਂ ਨੂੰ ਭਾਲਦੇ
ਮੁਕਿਆ ਨਾ ਰਾਤ ਦਾ ਲੰਬਾ ਸਫ਼ਰ
ਉਮੀਦ ਹੈ ਜਾਂ ਇਹ ਕੋਈ ਅੰਨ੍ਹੀ ਗਲੀ
ਕਿਸ ਪੜਾਅ ਪਹੁੰਚੇ ਨਹੀਂ ਕੋਈ ਖ਼ਬਰ
ਭਾਲ ਵੀ ਲੰਬੀ ਹਨੇਰੀ ਰਾਤ ਵਰਗੀ
ਜਿਸਮ ਰੂਹ ਦੋਵੇਂ ਹੀ ਥੱਕੇ ਚੂਰ ਨੇ
ਚੰਨ, ਤਾਰੇ, ਜੁਗਨੂੰ, ਸਰਘੀ ਨੇ ਨਜ਼ਾਰੇ
ਅਜੇ ਵੀ ਪਹਿਲਾਂ ਹੀ ਜਿੰਨੇ ਦੂਰ ਨੇ ('ਜੁਗਨੂੰ' ਪੰ. 29)

ਇਉਂ ਕਵੀ ਇਸ ਸਥਿਤੀ ਵਿਚ ਵੀ ਉਦਾਸ ਹੈ। ਇਹ ਉਦਾਸੀ ਇਨ੍ਹਾਂ ਕਵਿਤਾਵਾਂ ਵਿਚ ਇਕ ਥੀਮਕ ਸਾਂਝ ਪੈਦਾ ਕਰਦੀ ਹੈ। ਕਈ ਰਿਸ਼ਤਿਆਂ ਦੇ ਤਿੜਕਨ ਕਰਕੇ ਵੀ ਉਦਾਸ ਹੈ, ਪੰਜਾਬ ਦੀ ਸਥਿਤੀ ਕਰਕੇ ਵੀ ਉਦਾਸ ਹੈ ਤੇ ਇਨਕਲਾਬ ਦੇ ਦੂਰ ਚਲੇ ਜਾਣ ਕਰਕੇ ਵੀ ਉਦਾਸ ਹੈ। ਪਰ ਇਹ ਉਦਾਸੀ ਉਸਨੂੰ ਨਿਰਾਸ਼ਾਵਾਦੀ ਕਵੀ ਨਹੀਂ ਬਣਾਉਂਦੀ ਕਿਉਂਕਿ ਪਾਠਕ ਨੂੰ ਉਹ ਇਸ ਉਦਾਸੀ ਦੀ ਭਾਵੁਕਤਾ ਵਿਚ ਨਹੀਂ ਛੱਡਦਾ ਸਗੋਂ ਇਸ ਬਾਰੇ ਜਾਗ੍ਰਿਤ ਕਰਦਾ ਹੈ ਤੇ ਉਸ ਉਦਾਸੀ ਤੋਂ ਮੁਕਤ ਹੋਣ ਦੀ ਦ੍ਰਿਸ਼ਟੀ ਨਾਲ ਸੰਬੰਧਿਤ ਹੈ। ਹਰਭਜਨ ਹਲਵਾਰਵੀ ਦੇ ਕਾਵਿ-ਸੰਗ੍ਰਹਿ ਵਿਚ ਉਹ ਕਵਿਤਾਵਾਂ ਹਨ ਜਿਨ੍ਹਾਂ ਵਿਚ ਉਹ ਸਿੱਧੇ ਤੌਰ ਤੇ ਵਿਗਿਆਨਕ ਦ੍ਰਿਸ਼ਟੀਕੋਣ ਜਾਂ ਵਿਚਾਰਾਂ ਨਾਲ ਵੀ ਸੰਬੰਧਿਤ ਹੈ ਤੇ ਉਸ ਭਾਸ਼ਾ ਨਾਲ ਵੀ। ਅੱਜ ਦਾ ਯੁੱਗ ਵਿਕਸਿਤ ਵਿਗਿਆਨ ਦਾ ਯੁਗ ਹੈ ਇਸ ਲਈ ਹਰ ਪਾਸੋਂ ਵਿਗਿਆਨ ਦਾ ਮਹੱਤਵ ਵੱਧ ਗਿਆ ਹੈ ਤੇ ਬਹੁਤ ਸਾਰੇ ਕਵੀ ਵਿਗਿਆਨਕ ਚਿੰਤਨ ਤੇ ਸ਼ਬਦਾਵਲੀ ਨਾਲ ਆਪਣੀਆਂ ਕਈ ਕਵਿਤਾਵਾਂ ਵਿਚ ਸੰਬੰਧਿਤ ਹਨ। ਇਸ ਨਾਲ ਨਵੀ ਪੰਜਾਬੀ ਕਵਿਤਾ ਵਿਚ ਇਹ ਨਵੀਂ ਤਬਦੀਲੀ ਵਾਪਰ ਰਹੀ ਹੈ। ਹਰਭਜਨ ਹਲਵਾਰਵੀ ਦੀ ਕਵਿਤਾ 'ਦੂਸ਼ਿਤ 'ਦਾ ਆਰੰਭ ਹੀ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਰਨਣਯੋਗ ਹੈ:

ਵਿਗਿਆਨੀ ਕਹਿੰਦੇ ਨੇ
ਸਾਡੇ ਚਾਰ ਚੁਫੇਰੇ
ਫੈਲ ਗਿਆ ਪਦੂਸ਼ਣ
ਖ਼ਤਰਾ ਨਿਸ ਦਿਨ ਵਧਦਾ ਜਾਵੇ
ਨਾ ਠਲ੍ਹਿਆ ਤਾਂ ਆਖਰ
ਤੇਜ਼ ਵਹਿਣ ਵਿਚ ਰੁੜ੍ਹਦੇ
ਪੱਤਿਆਂ ਵਰਗੇ ਆਪਾ
ਕੁਝ ਪਲ ਜੇਕਰ ਨੇੜੇ ਹੋਏ

ਮੌਕਾ-ਮੇਲ ਜਿਹਾ ਹੀ ਸਮਝੋ
ਅਸਥਿਰ ਵਹਿਣ ਦਾ ਰਚਿਆ
ਅਸਥਿਰ ਸਾਂਝ ਦਾ ਰਿਸ਼ਤਾ (ਅਸਥਿਰ ' ਪੰ. 35)

ਇਉਂ ਹਰਭਜਨ ਹਲਵਾਰਵੀ ਦੀਆਂ ਇਹ ਕਵਿਤਾਵਾਂ ਇਸ ਸੰਗ੍ਰਹਿ ਵਿਚ ਤੀਸਰੀ ਕਿਸਮ ਦੀਆਂ ਕਵਿਤਾਵਾਂ ਜਾਪਦੀਆਂ ਹਨ ਪਰ ਡੂੰਘੀ ਤਰ੍ਹਾਂ ਉਸਦੇ ਮੁੱਖ ਵਿਚਾਰ ਨਾਲ ਹੀ ਬੱਝੀਆਂ ਹੋਈਆਂ ਹਨ ਤੇ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ।
ਹਰਭਜਨ ਹਲਵਾਰਵੀ ਨੇ ਇਸ ਸੰਗ੍ਰਹਿ ਵਿਚ ਕਵਿਤਾ ਦੇ ਦੋ ਰੂਪ ਅਪਣਾਏ ਹਨ। ਪਹਿਲਾ ਰੂਪ ਨਜ਼ਮ ਦਾ ਰੂਪ ਹੈ ਤੇ ਦੂਸਰਾ ਗ਼ਜ਼ਲ ਦਾ। ਜਦੋਂ ਅਸੀਂ ਇਨ੍ਹਾਂ ਦੋਨਾਂ ਰੂਪਾਂ ਦੀ ਤੁਲਨਾ ਕਰਦੇ ਹਾਂ ਤਾਂ ਸਾਨੂੰ ਉਸਦਾ ਪਹਿਲਾ ਰੂਪ ਵਧੇਰੇ ਪ੍ਰਭਾਵਸ਼ਾਲੀ ਲਗਦਾ ਹੈ ਕਿਉਂਕਿ ਨਜ਼ਮ ਦੇ ਬੌਧਿਕ ਰੂਪ ਨੂੰ ਉਹ ਕਾਫ਼ੀ ਚੰਗੀ ਤਰ੍ਹਾਂ ਸਮਝਦਾ ਹੈ ਤੇ ਪਿਛਲੇ ਕਵੀਆਂ ਵਾਂਗ ਉਹ ਨਾਂ ਹੀ ਵਾਧੂ ਅਲੰਕਾਰਾਂ ਦੀ ਭਾਸ਼ਾ ਵਿਚ ਪੈਂਦਾ ਹੈ ਨਾ ਹੀ ਵਾਧੂ ਵਿਸਤਾਰ ਵਿਚ ਤੇ ਨਾ ਹੀ ਇੰਨਾ ਬੌਧਿਕ ਹੋ ਜਾਂਦਾ ਹੈ ਕਿ ਉਸਦੀ ਕਵਿਤਾ ਸੰਚਾਰ ਤੋਂ ਬਾਹਰ ਚਲੀ ਜਾਵੇ। ਉਹ ਸਪੱਸ਼ਟ ਰਹਿੰਦਾ ਹੈ, ਪਾਠਕ ਵਲੋਂ ਸੁਚੇਤ ਰਹਿੰਦਾ ਹੈ ਤੇ ਉਹ ਵਿਚਾਰਧਾਰਕ ਤੌਰ ਤੇ ਜਾਗ੍ਰਿਤ ਰਹਿੰਦਾ ਹੈ। ਇਸੇ ਕਾਰਣ ਅਸੀਂ ਉਸਨੂੰ ਪ੍ਰਗਤੀਵਾਦੀ ਜ਼ਿੰਮੇਵਾਰੀ ਦਾ ਕਵੀ ਕਹਿੰਦੇ ਹਾਂ। ਇਸ ਸੰਗ੍ਰਹਿ ਵਿਚ ਉਸ ਦੀਆਂ ਜੋ ਗ਼ਜ਼ਲਾਂ ਸ਼ਾਮਿਲ ਹਨ ਉਨ੍ਹਾਂ ਦਾ ਵੀ ਆਪਣਾ ਰੰਗ ਹੈ ਭਾਵੇਂ ਅਸੀਂ ਉਸਨੂੰ ਨਜ਼ਮ ਤੋਂ ਦੂਜੈਲਾ ਰੂਪ ਆਖਿਆ ਹੈ ਪਰ ਇਨ੍ਹਾਂ ਗ਼ਜ਼ਲਾਂ ਵਿਚ ਵੀ ਉਸਦੇ ਕੁਛ ਚੋਣਵੇਂ ਸ਼ੇਅਰ ਦੇਖੇ ਜਾ ਸਕਦੇ ਹਨ।

ਪੰਛੀ ਕਿਉਂ ਗੁੰਮ ਸੁੰਮ ਨੇ ਪੱਤੇ ਕਿਉਂ ਚੀਕ ਰਹੇ।
ਆ ਰਲ ਕੇ ਦੁਆ ਕਰੀਏ ਇਹ ਮੌਸਮ ਠੀਕ ਰਹੇ। (ਪੰਨਾ -64)
ਵਰ੍ਹਿਆਂ ਤੋਂ ਜਿਹੜਾ ਆਲ੍ਹਣਾ ਬੋਟਾਂ ਮਾਣ ਸੀ,
ਇੱਕ ਵਾਵਰੋਲਾ ਉਸ ਦੇ ਤੀਲ੍ਹੇ ਖਿੰਡਾ ਗਿਆ। (ਪੰਨਾ 65)
ਆਖਣ ਨੂੰ ਹੁਣ ਕੀ ਬਚਿਆ ਹੈ ਤੇ ਦੇਖਣ ਨੂੰ ਕੀ,
ਚੁੱਪ ਜ਼ੁਬਾਨਾਂ, ਸੁੰਨੇ ਵੇਹੜੇ ਜਾਂ ਫਿਰ ਉਜੜੇ ਬਾਗ (ਪੰਨਾ-66)
ਜ਼ਖਮ ਹੀ ਜ਼ਖਮ ਰੁੱਖਾਂ ਦੇ ਪਿੰਡਿਆਂ 'ਤੇ ਮਰਹਮ ਨਹੀਂ ਹੈ।
ਏਸ ਮੌਸਮ ਦੀਆਂ ਅੱਖਾਂ 'ਚ ਰਹਿਮ ਨਹੀਂ ਸ਼ਰਮ ਨਹੀਂ ਹੈ। (ਪੰਨਾ 67)
ਹੋਰ ਨਾ ਜ਼ਖਮ ਲੱਗਣ ਹੋਰ ਨਾ ਲਹੂ ਡੁੱਲ੍ਹੇ,
ਪਹਿਰਾ ਸੁਖ ਸ਼ਾਂਤੀ ਦਾ ਆਪਣੇ ਪੰਜਾਬ ਹੋਵੇ। (ਪੰਨਾ 68)
ਪਾਣੀ ਵਿਚ ਲਿਖੋ ਜਾਂ ਹਵਾ ਵਿਚ ਲਿਖੋ।
ਸੁੱਚੇ ਹਰਫ਼ਾਂ ਨੂੰ ਦਿਲ ਦੀ ਦੁਆ ਵਿਚ ਲਿਖੋ।
ਨਾ ਗੁਫਾ ਵਿਚ ਲਿਖੋ ਨਾ ਖਿਲਾ ਵਿਚ ਲਿਖੋ।
ਮੋਹ ਦੇ ਬੋਲਾਂ ਨੂੰ ਹਰ ਇਕ ਦਿਸ਼ਾ ਵਿਚ ਲਿਖੋ। (ਪੰਨਾ - 69)

ਹਲਵਾਰਵੀ ਦੇ ਇਹ ਸ਼ੇਅਰ ਉਸਦੇ ਉਪਰੋਕਤ ਵਿਸ਼ਿਆਂ ਨਾਲ ਹੀ ਸੰਬੰਧਿਤ ਹਨ ਇਸ ਕਰਕੇ ਇਨ੍ਹਾਂ ਵਿਚ ਵੀ ਉਦਾਸੀ ਦਾ ਅਹਿਸਾਸ ਹੈ, ਪਰ ਉਦਾਸੀ ਦਾ ਅਹਿਸਾਸ ਇਨ੍ਹਾਂ ਸ਼ੇਅਰਾਂ ਨੂੰ ਖ਼ੂਬਸੂਰਤ ਵੀ ਬਣਾਉਂਦਾ ਹੈ ਤੇ ਅੰਤਿਮ ਤੌਰ ' ਤੇ ਕਵੀ ਉਸ ਉਦਾਸੀ ਦੇ ਅਹਿਸਾਸ ਤੋਂ ਮੁਕਤ ਹੁੰਦਾ ਵੀ ਨਜ਼ਰ ਆਉਂਦਾ ਹੈ। ਇਉਂ ਹਰਭਜਨ ਹਲਵਾਰਵੀ ਦੀਆਂ ਗ਼ਜ਼ਲਾਂ ਵੀ ਉਸਦੀ ਪ੍ਰਗਤੀਵਾਦੀ ਦ੍ਰਿਸ਼ਟੀ ਨਾਲ ਹੀ ਸੰਬੰਧਿਤ ਰਹੀਆਂ।

### ਪੁਸਤਕ-ਸੂਚੀ


1. ਹਰਭਜਨ ਹਲਵਾਰਵੀ, ਪਿਘਲੇ ਹੋਏ ਪਰ, ਨਵਯੁਗ ਪਬਲਿਸ਼ਰਜ, ਦਿੱਲੀ, 1985.
2. ਪੰਖ ਵਿਹੂਣਾ, ਰਵੀ ਸਾਹਿਤ ਪ੍ਰਕਾਨ, ਅੰਮ੍ਰਿਤਸਰ, 1991.
3. ਪੌਣ ਉਦਾਸ ਹੈ।, ਲਾਹੌਰ ਬੁੱਕ ਸ਼ਾਪ, ਅੰਮ੍ਰਿਤਸਰ
4. ਸੇਧ, ਅੰਕ ਅਪ੍ਰੈਲ, 1981.
5. ਆਰਸੀ, ਅੰਕ ( ਜੂਨ, 1991.